ਕੁੱਲ ਪ੍ਰਸ਼ਨ: 13 ਵਿਸ਼ਾ ਕੋਡ: 033

# ਮਾਡਲ ਟੈਸਟ ਪੇਪਰ

## ਬਾਰ੍ਹਵੀਂ ਸ਼੍ਰੇਣੀ (ਟਰਮ-2)

## ਵਿਸ਼ਾ: ਲੋਕ ਪ੍ਰਸ਼ਾਸਨ

ਸਮਾਂ 2 ਘੰਟੇ ਕੁੱਲ ਅੰਕ : 40

ਨੋਟ:- ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ। ਹਰ ਭਾਗ ਦੀਆਂ ਹਦਾਇਤਾਂ ਨਾਲ ਦਿੱਤੀਆਂ ਗਈਆਂ ਹਨ।

### ਭਾਗ -I 2 X 4 = 8

ਨੋਟ: ਹਰ ਪ੍ਰਸ਼ਨ ਦਾ ਉੱਤਰ ਦੇਣਾ ਜ਼ਰੂਰੀ ਹੈ। ਹਰ ਉੱਤਰ 2-3 ਸਤਰਾਂ ਵਿੱਚ ਦਿਓ :-

1. ਬਜਟ ਦਾ ਅਰਥ ਲਿਖੋ।
2. ਭਾਰਤ ਦੇ ਕੰਪਟਰੋਲਰ ਅਤੇ ਆਡਿਟਰ ਜਨਰਲ ਦਾ ਕਾਰਜਕਾਲ (Tenure) ਕਿੰਨਾ ਹੁੰਦਾ ਹੈ।
3. ਗ਼ੈਰ-ਰਸਮੀ ਸੰਚਾਰ ਦਾ ਅਰਥ ਲਿਖੋ।
4. ਪ੍ਰਸ਼ਾਸਕੀ ਟਰੀਬਿਊਨਲਜ਼ ਅਤੇ ਸਾਧਾਰਨ ਅਦਾਲਤਾਂ ਵਿੱਚ ਕੋਈ ਦੋ ਅੰਦਰ ਦੱਸੋ?

### ਭਾਗ-II 4 X 4 = 16

ਨੋਟ: ਇਸ ਭਾਗ ਵਿੱਚ ਕੁੱਲ 6 ਪ੍ਰਸ਼ਨ ਹਨ ਜਿਨ੍ਹਾਂ ਵਿੱਚੋਂ ਕੋਈ 4 ਪ੍ਰਸ਼ਨ ਕਰਨੇ ਜ਼ਰੂਰੀ ਹਨ। ਉੱਤਰ 7-8 ਸਤਰਾਂ ਵਿੱਚ ਦਿਓ :-

5. ਬਜਟ ਕਿਵੇਂ ਲਾਗੂ ਹੁੰਦਾ ਹੈ, ਵਿਆਖਿਆ ਕਰੋ?
6. ਵਿੱਤ ਮੰਤਰਾਲੇ ਦੇ ਕਾਰਜਾਂ ਦਾ ਵਰਨਣ ਕਰੋ?
7. ਕੰਟਰੋਲਰ ਅਤੇ ਆਡਿਟਰ ਜਨਰਲ ਦੇ ਕਾਰਜਾਂ ਦਾ ਵਰਨਣ ਕਰੋ।
8. ਸੰਚਾਰ ਦੀ ਮਹੱਤਤਾ ਬਾਰੇ ਲਿਖੋ।
9. ਤਾਲਮੇਲ ਦੇ ਸਾਧਨਾਂ ਦਾ ਵਰਨਣ ਕਰੋ
10. ਰਾਇਮੀ ਅਨੁਸਾਰ ਕਾਨੂੰਨ ਦੇ ਸ਼ਾਸਨ ਦੀਆਂ ਕੀ ਵਿਸ਼ੇਸ਼ਤਾਵਾਂ ਹਨ?

### ਭਾਗ-III 04

ਨੋਟ: ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਉਸ ਦੇ ਆਧਾਰ 'ਤੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:-

11. ਆਧੁਨਿਕ ਯੁਗ ਵਿੱਚ ਰਾਜ ਦੇ ਵਿਸ਼ਾਲ ਅਤੇ ਪੇਚੀਦਾ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਪ੍ਰਸ਼ਾਸਕੀ ਸੰਗਠਨ ਦੀ ਸਥਾਪਨਾ ਕੀਤੀ ਗਈ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸੰਗਠਨ ਨੂੰ ਕੇਂਦਰਿਤ ਕੀਤਾ ਜਾਵੇ ਜਾਂ ਵਿਕੇਂਦਰਿਤ। ਕੇਂਦਰੀਕਰਨ ਦਾ ਅਰਥ ਹੈ ਕਿ ਸੱਤਾ ਜਾਂ ਨਿਰਣਾ ਲੈਣ ਦੀਆਂ ਸ਼ਕਤੀਆਂ ਦਾ ਸਥਿਰ ਤੇ ਇਕੱਠਾ ਹੋਣਾ। ਵਿਕੇਂਦਰੀਕਰਨ ਦਾ ਅਰਥ ਸੱਤਾ ਦੀ ਵੰਡ ਵਿਅਕਤੀਆਂ ਅਤੇ ਇਕਾਈਆਂ ਵਿੱਚ ਕੀਤੀ ਜਾਵੇ। ਦੂਸਰੇ ਸ਼ਬਦਾਂ ਵਿੱਚ ਐੱਲ.ਡੀ. ਵ੍ਹਾਈਟ ਦੱਸਦੇ ਹਨ ਕਿ " ਵਿਕੇਂਦਰੀਕਰਨ-ਡੀਕਨਸੰਟਰੇਸ਼ਨ (Deconcentration) ਅਤੇ ਸਪੁਰਦਗੀ (Devolution) ਦੀ ਦੋਹਰੀ ਪ੍ਰਕਿਰਿਆ ਹੈ। ਜੇਮਸ ਡਬਲਿਊ ਫ਼ੈਸਲਰ ਦੇ ਅਨੁਸਾਰ-ਕੇਂਦਰੀਕਰਨ ਅਤੇ ਵਿਕੇਂਦਰੀਕਰਨ ਦੇ ਅਜਿਹੇ ਚਾਰ ਤੱਤ ਹੁੰਦੇ ਹਨ ਜਿਨ੍ਹਾਂ ਅਨੁਸਾਰ ਇੱਕ ਪ੍ਰਸ਼ਾਸਕੀ ਇਕਾਈ ਆਪਣੀ ਸੱਤਾ ਦੀ ਮਾਤਰਾ ਨੂੰ ਕੇਂਦਰਤ ਜਾਂ ਵਿਕੇਂਦਰਿਤ ਕਰ ਸਕਦੀ ਹੈ। ਉਹ ਤੱਤ ਹਨ- ਜ਼ਿੰਮੇਵਾਰੀ ਦਾ ਤੱਤ, ਪ੍ਰਸ਼ਾਸਕੀ ਤੱਤ, ਕਾਰਜਾਤਮਕ ਤੱਤ, ਬਾਹਰੀ ਤੱਤ।

(i). ਵਿਕੇਂਦਰੀਕਰਨ ਦਾ ਕੀ ਅਰਥ ਹੈ?

(ii). ਕਿਸ ਨੇ ਕਿਹਾ "ਵਿਕੇਂਦਰੀਕਰਨ ਡੀਕਨਸੰਟਰੇਸ਼ਨ ਅਤੇ ਸਪੁਰਦਗੀ ਦੀ ਦੋਹਰੀ ਪ੍ਰਕਿਰਿਆ ਹੈ"?

(iii). ਕਿਸੇ ਪ੍ਰਸ਼ਾਸਕੀ ਇਕਾਈ ਵਿੱਚ ਸੱਤਾ ਦੀ ਮਾਤਰਾ ਨੂੰ ਕੇਂਦਰਿਤ ਜਾਂ ਵਿਕੇਂਦਰਿਤ ਕਰਨ ਲਈ ਕਿਹੜੇ ਤੱਤ ਜ਼ਰੂਰੀ ਹਨ?

(iv) ਕੇਂਦਰੀਕਰਨ ਦਾ ਕੀ ਅਰਥ ਹੈ?

**ਭਾਗ–IV** **2 X 6= 12**

ਨੋਟ: ਇਸ ਭਾਗ ਵਿੱਚ ਅੰਦਰੂਨੀ ਚੋਣ ਵਾਲੇ ਕੁੱਲ 2 ਪ੍ਰਸ਼ਨ ਹਨ। ਕੋਈ ਇੱਕ–ਇੱਕ ਪ੍ਰਸ਼ਨ ਹੱਲ ਕਰੋ। ਹਰ ਪ੍ਰਸ਼ਨ ਦੇ 6 ਅੰਕ ਹਨ। ਉੱਤਰ 10–15 ਸਤਰਾਂ ਵਿੱਚ ਦਿਓ :-

12. ਸੌਂਪੀ ਕਾਨੂੰਨਸਾਜ਼ੀ ਦੇ ਵਿਕਾਸ ਦੇ ਕਾਰਨਾਂ ਦਾ ਵਰਨਣ ਕਰੋ।

ਜਾਂ

ਪ੍ਰਸ਼ਾਸਕੀ ਕਾਨੂੰਨ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।

13. ਨਿਗਰਾਨੀ ਦੀਆਂ ਤਕਨੀਕਾਂ ਬਾਰੇ ਦੱਸੋ।

ਜਾਂ

ਅਨੁਮਾਨ ਕਮੇਟੀ ਦੇ ਕਾਰਜਾਂ ਦਾ ਵਰਨਣ ਕਰੋ।